# ਦਿਲ ਕੱਢਿਆ ਪਤਾ ਵੀ ਨਾ ਲੱਗਿਆ

ਦਿਲ ਕੱਢਿਆ ਪਤਾ ਵੀ ਨਾ ਲੱਗਿਆ

========================

ਦਿਲ, ਕੱਢਿਆ, ਪਤਾ ਵੀ ਨਾ, ਲੱਗਿਆ,
ਸ਼ਿਆਮ ਦੀਆਂ, ਚੋਰ ਅੱਖੀਆਂ ॥
ਚੋਰ ਅੱਖੀਆਂ*, ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਚੋਰੀ ਚੋਰੀ, ਮੇਰੇ ਘਰ ਆ ਕੇ ।
ਲੈ ਗਿਆ ਮੇਰਾ, ਮੱਖਣ ਚੁਰਾ ਕੇ ॥
ਜਦੋਂ ਪੁੱਛਿਆ, ਪਤਾ ਵੀ ਨਾ ਦੱਸਿਆ,
ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਮਿੱਠੀ ਮਿੱਠੀ, ਤਾਂਨ ਸੁਣਾ ਕੇ ।
ਮੋਰਾਂ ਵਾਂਗੂ, ਪੈਲਾਂ ਪਾ ਕੇ ॥
ਪੈਲਾਂ, ਪਾ ਕੇ ਲੁੱਟਿਆਂ,
ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਚੋਰੀ ਚੋਰੀ, ਯਮੁਨਾ ਤੇ ਆਵੇ ।
ਸਭ ਸਖੀਆਂ ਦੇ, ਚੀਰ ਚੁਰਾਵੇ ॥
ਚੀਰ ਚੁਰਾ ਕੇ, ਏਹ ਛੁੱਪ ਜਾਵੇ,
ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਵ੍ਰਿੰਦਾਵਨ ਵਿੱਚ, ਰਾਸ ਰਚਾਵੇ ।
ਸਖੀਆਂ ਨੂੰ ਤੇ, ਆਪ ਨਚਾਵੇ ॥
ਵੇ ਮੈਂ, ਪਿਆਰ ਲੁਟਾ ਕੇ ਛੱਡਿਆ,
ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਚੋਰੀ ਚੋਰੀ, ਅੱਖੀਆਂ ਵਿੱਚ ਆਇਆ ।
ਆ ਕੇ ਮੇਰੇ, ਦਿਲ 'ਚ ਸਮਾਇਆ ॥
ਮੇਰੇ ਦਿਲ ਦਾ, ਚੈਨ ਏਹਨੇ ਲੁੱਟਿਆ,
ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਦਿਲ ਨੂੰ ਆਜਾ, ਰੋਗ ਲਗਾ ਜਾ ।
ਕਿਸੇ ਬਹਾਨੇ, ਦਰਸ ਦਿਖਾ ਜਾ ।
ਮੈਨੂੰ ਕਮਲੀ, ਬਣਾ ਕੇ ਛੱਡਿਆ,
ਸ਼ਿਆਮ ਦੀਆਂ, ਚੋਰ ਅੱਖੀਆਂ ।
ਦਿਲ, ਕੱਢਿਆ, ਪਤਾ ਵੀ ਨਾ ਲੱਗਿਆ,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/33755/title/DIL-KADHEYA-PATA-VI-NA-LAGEYA

अपने Android मोबाइल पर BhajanGanga App डाउनलोड करें और भजनों का आनंद ले |